# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ

**ਐਸ.ਸੀ ਓ ਨੰ:– 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:0172- 2623207, 2620106**
**ਫੈਕਸ:0172-2624687** ਈ–ਮੇਲssapunjab@yahoo.com

---

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)/(ਸੈ.ਸਿ)
ਪੰਜਾਬ

ਮੀਮੋ ਨੰ. ਡਿ.ਐਸ.ਪੀ.ਡੀ/ਐਸ.ਐਸ.ਏ/2010/25683–25722
ਮਿਤੀ ਚੰਡੀਗੜ੍ਹ : 17–02–2010

ਹਵਾਲਾ:–ਪੰਜਾਬ ਸਰਕਾਰ ਸਿੱਖਿਆ ਵਿਭਾਗ(ਸਿ–7 ਸ਼ਾਖਾ) ਦੇ ਮੀਮੋ ਨੰ:10/32/06–1 ਸਿ7/428–68, ਮਿਤੀ 19–01–2010

**ਵਿਸ਼ਾ: ਪੰਜਵੀਂ ਦੀ 2009–10 ਦੀ ਸਾਲਾਨਾ ਪ੍ਰੀਖਿਆ ਦੇ ਸੰਚਾਲਨ ਸੰਬੰਧੀ ਹਦਾਇਤਾ।**

**1.0** **ਉਪਰੋਕਤ ਵਿਸੇ ਅਤੇ ਹਵਾਲੇ ਦੀ ਲਗਾਤਾਰਤਾ ਵਿੱਚ ਪੰਜਵੀਂ ਕਲਾਸ ਦੀ ਸਾਲਾਨਾ ਪ੍ਰੀਖਿਆ** 2009–10 ਜੋ ਕਿ 18 ਮਾਰਚ ਤੋਂ 26 ਮਾਰਚ **ਤੱਕ ਲਈ ਜਾਣੀ** ਹੈ ਸੰਬੰਧੀ ਹੇਠ ਲਿਖੀਆਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:–

2.0 **ਕੰਟਰੋਲ ਰੂਮ ਸਥਾਪਿਤ ਕਰਨ ਸੰਬੰਧੀ:– ਪੰਜਵੀਂ ਪ੍ਰੀਖਿਆ ਦੇ ਕੰਮ ਨੂੰ ਸੁਚਾਰੂ ਰੂਪ ਵਿਚ ਚਲਾਉਣ ਦੇ ਲਈ ਕਲੱਸਟਰ ਪੱਧਰ, ਬਲਾਕ ਪੱਧਰ ਅਤੇ ਜ਼ਿਲ੍ਹਾ ਪੱਧਰ ਤੇ ਕੰਟਰੋਲ ਰੂਮ ਸਥਾਪਿਤ** ਕੀਤੇ ਜਾਣਗੇ। **ਜਿਸ ਦੇ ਮੁਖੀ ਕ੍ਰਮਵਾਰ ਕਲੱਸਟਰ ਮੁਖੀ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਅਤੇ ਜ਼ਿਲ੍ਹਾ ਸਿੱਖਿਆ ਅਫਸਰ** (ਐ.ਸਿ) ਹੋਣਗੇ। **ਇਹਨਾਂ ਵਲੋਂ ਸਬੰਧਤ ਜਗ੍ਹਾ ਤੇ ਪ੍ਰੀਖਿਆ ਦੇ ਕੰਮ ਲਈ** ਕਲੱਸਟਰ ਪੱਧਰ ਤੇ ਸੀ.ਐਚ.ਟੀ ਬਲਾਕ ਪੱਧਰ ਤੇ ਬੀ.ਆਰ.ਪੀ ਜਾਂ ਬੀ.ਓ.ਏ ਅਤੇ ਜਿਲ੍ਹਾ ਪੱਧਰ ਤੇ ਡੀ.ਆਰ.ਪੀ ਨੋਡਲ ਅਫਸਰ **ਨਿਯੁਕਤ ਕੀਤੇ ਜਾਣਗੇ। ਜਿਹਨਾਂ ਦੇ ਨਾਂ ਅਤੇ ਸੰਪਰਕ ਨੰ: ਮੁੱਖ ਦਫ਼ਤਰ ਨੂੰ ਭੇਜੇ** ਜਾਣ।

3.0 **ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੀ ਫੀਸ ਸੰਬੰਧੀ:– ਸਰਵ ਸਿੱਖਿਆ ਅਭਿਆਨ ਪੰਜਾਬ ਵਲੋਂ** ਸਰਕਾਰੀ ਸਕੂਲਾਂ ਅੰਦਰ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਛੱਡ ਕੇ ਬਾਕੀ **ਵਿਦਿਆਰਥੀਆਂ ਤੋਂ 25/ ਰੁਪਏ ਪ੍ਰਤੀ ਵਿਦਿਆਰਥੀ ਪ੍ਰੀਖਿਆ ਸੰਬੰਧੀ ਫੀਸ ਲਈ ਜਾਣੀ ਹੈ।** ਵਿਦਿਆਰਥੀਆਂ ਦੀ ਗਿਣਤੀ ਮੁਤਾਬਿਕ ਉਕਤ ਫੀਸ 15–02–2010 ਤੱਕ ਸੰਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦੇ ਦਫਤਰ ਵਿੱਚ ਜਮ੍ਹਾਂ ਕਰਵਾਈ ਜਾਵੇਗੀ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਇਹ ਫੀਸ ਦੀ ਰਕਮ ਜਿਲ੍ਹਾ ਸਿੱਖਿਆ ਅਫਸਰ(ਐ.ਸਿ) ਕੋਲ ਜਮ੍ਹਾਂ ਕਰਵਾਉਣਗੇ ਜੋ ਕਿ ਇੱਕ ਵੱਖਰੇ ਅਕਾਉਂਟ ਖੁੱਲਵਾ ਕੇ ਜਿਲ੍ਹਾ ਸਿੱਖਿਆ ਅਫਸਰ(ਐ.ਸਿ) ਵੱਲੋਂ ਜਮ੍ਹਾਂ ਕੀਤੀ ਜਾਵੇਗੀ ਅਤੇ ਬਾਅਦ ਵਿੱਚ ਸਰਵ ਸਿੱਖਿਆ ਅਭਿਆਨ, ਪੰਜਾਬ ਚੰਡੀਗੜ੍ਹ ਦਫਤਰ ਨੂੰ ਚੈੱਕ ਰਾਹੀਂ ਸਾਰੇ ਪੈਸੇ ਭੇਜੇ ਜਾਣਗੇ।

4.0 **ਵਿਦਿਆਰਥੀਆਂ ਦੀ ਗਿਣਤੀ ਭੇਜਣ ਸੰਬੰਧੀ:–** ਸਮੂਹ ਬਲਾਕ ਪ੍ਰਾਇਮਰੀ ਸਿਖਿਆ ਅਫਸਰਾਂ ਵਲੋਂ **ਦਾਖਲਾ ਫਾਰਮ ਪ੍ਰਾਪਤ ਕਰਨ ਉਪਰੰਤ ਮਿਤੀ 22–2–2010 ਤੱਕ ਮਾਧਿਅਮ ਅਨੁਸਾਰ ਬੱਚਿਆਂ ਦੀ**

**ਗਿਣਤੀ** ਇਸ ਦਫਤਰ ਵੱਲੋਂ ਭੇਜੇ ਗਏ ਪ੍ਰੋਫਾਰਮੇ ਅਨੁਸਾਰ **ਜ਼ਿਲ੍ਹਾ ਸਿੱਖਿਆ ਅਫਸਰ** (ਐ. ਸਿ.) **ਰਾਹੀਂ** ਐਸ.ਐਸ.ਏ ਦੇ ਮੁੱਖ ਦਫਤਰ **ਨੂੰ ਮੁਹੱਈਆ** ਕਰਵਾਉਣਗੇ।

4.1 **ਪੰਜਾਬੀ (ਦੂਜੀ ਭਾਸ਼ਾ) ਅਤੇ ਹਿੰਦੀ (ਪਹਿਲੀ ਭਾਸ਼ਾ) ਦਾ ਪੇਪਰ ਵੀ ਲਿਆ ਜਾਣਾ ਹੈ। ਇਹਨਾਂ ਦੀ ਗਿਣਤੀ ਵੀ ਜ਼ਿਲ੍ਹਾ ਸਿੱਖਿਆ ਅਫਸਰ** (ਐ.ਸਿ.) ਰਾਹੀਂ ਮੁੱਖ ਦਫਤਰ ਨੂੰ ਭੇਜੀ ਜਾਣੀ ਹੈ।**ਪੇਪਰਾਂ ਦੀ ਪੈਕਿੰਗ 50:20:10 ਦੇ ਅਨੁਪਾਤ ਵਿਚ ਰੱਖੀ ਗਈ ਹੈ।** ਇਸ ਸੰਬੰਧ ਵਿੱਚ ਜਿਲ੍ਹਾ ਸਿੱਖਿਆ ਅਫਸਰ(ਐ.ਸਿ) ਆਪਣੀ ਮੰਗ(demand) ਮਿਤੀ 22-02-2010 ਤੱਕ ਮੁੱਖ ਦਫਤਰ ਨੂੰ ਭੇਜਣਗੇ ਅਤੇ ਗਿਣਤੀ ਲਈ ਜਿੰਮੇਵਾਰ ਹੋਣਗੇ।

5.0 **ਪ੍ਰੀਖਿਆ ਕੇਂਦਰ ਸਥਾਪਿਤ ਕਰਨ ਸੰਬੰਧੀ:- ਇਹ ਪ੍ਰੀਖਿਆ ਸਬੰਧਿਤ ਸਕੂਲ ਪੱਧਰ ਤੇ ਲਈ ਜਾਣੀ ਹੈ ਇਸ ਲਈ ਸਾਰੇ ਸਕੂਲ ਆਪਣੇ ਪ੍ਰੀਖਿਆ ਕੇਂਦਰ ਖੁਦ ਸਥਾਪਿਤ ਕਰਨਗੇ। ਜ਼ਿਲ੍ਹਾ ਸਿੱਖਿਆ ਅਫ਼ਸਰ** (ਐ.ਸਿ) **ਵਲੋਂ ਇਹ ਪ੍ਰੀਖਿਆ ਸੁਚਾਰੂ ਢੰਗ ਨਾਲ ਚਲਾਉਣ ਲਈ ਸਾਰੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਕਲੱਸਟਰ ਮੁਖੀ ਅਤੇ ਸਬੰਧਤ ਸਕੂਲ ਮੁਖੀਆਂ ਨਾਲ ਰਾਬਤਾ ਰੱਖਿਆ ਜਾਵੇਗਾ ਅਤੇ ਉਹਨਾਂ ਨੂੰ ਆ ਰਹੀ ਕਿਸੇ ਵੀ ਮੁਸ਼ਕਲ ਦਾ ਹੱਲ ਸਮੇਂ ਸਿਰ ਕੱਢਿਆ ਜਾਵੇਗਾ।**

6.0 **ਪੰਜਵੀਂ ਜਮਾਤ ਦੀ ਪ੍ਰੀਖਿਆ ਦੀ ਡੇਟਸ਼ੀਟ ਹੇਠ ਲਿਖੇ ਅਨੁਸਾਰ ਹੋਵੇਗੀ:-**

| **ਮਿਤੀ** | **ਵਿਸ਼ਾ** | **ਅੰਕ** | **ਸਮਾਂ** |
|---|---|---|---|
| 18-03-2010 | ਗਣਿਤ | 100 | 10 ਤੋਂ 12 ਵਜੇ |
| 20-03-2010 | ਪਹਿਲੀ ਭਾਸ਼ਾ ਪੰਜਾਬੀ/ਹਿੰਦੀ/ਉਰਦੂ | 100 | 10 ਤੋਂ 12 ਵਜੇ |
| 22-03-2010 | ਵਾਤਾਵਰਣ ਸਿੱਖਿਆ | 100 | 10 ਤੋਂ 12 ਵਜੇ |
| 25-03-2010 | ਅੰਗਰੇਜ਼ੀ | 100 | 10 ਤੋਂ 12 ਵਜੇ |
| 26-03-2010 | ਦੂਜੀ ਭਾਸ਼ਾ ਪੰਜਾਬੀ/ਹਿੰਦੀ/ਉਰਦੂ | 50 | 10 ਤੋਂ 11 ਵਜੇ |

7.0 **ਪ੍ਰੀਖਿਆ ਦਾ ਸੰਚਾਲਨ:-** ਪ੍ਰੀਖਿਆ ਦਾ ਸੰਚਾਲਨ ਸਕੂਲ ਪੱਧਰ ਤੇ ਹੋਵੇਗਾ। 40 ਵਿਦਿਆਰਥੀਆਂ ਦੇ ਲਈ ਇੱਕ ਨਿਗਰਾਨ ਲਗਾਇਆ ਜਾਵੇਗਾ। ਰੋਸ਼ਨੀ, ਪਾਣੀ, ਬੈਠਣ ਅਤੇ ਹੋਰ ਪ੍ਰਬੰਧ ਵਧੀਆ ਹੋਣਾ ਚਾਹੀਦਾ ਹੈ। ਤਾਂ ਕਿ ਵਿਦਿਆਰਥੀ ਸੁਖਾਵੇਂ ਮਾਹੌਲ ਵਿੱਚ ਪ੍ਰੀਖਿਆ ਦੇ ਸਕਣ।ਇਸਦੀ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।ਐਸ.ਐਸ.ਏ ਵਿੱਚੋਂ ਪ੍ਰੀਖਿਆ ਸੰਚਾਲਨ ਲਈ ਕਿਸੇ ਵੀ ਅਧਿਕਾਰੀ/ਕਰਮਚਾਰੀ ਨੂੰ ਕਿਸੇ ਵੀ ਤਰ੍ਹਾਂ ਦਾ ਕੋਈ ਭੱਤਾ ਨਹੀਂ ਦਿੱਤਾ ਜਾਵੇਗਾ।

8.0 **ਪ੍ਰਸ਼ਨ ਪੱਤਰਾਂ ਸੰਬੰਧੀ:-** ਪ੍ਰਸ਼ਨ ਪੱਤਰ ਸਮੇਂ ਸਿਰ ਖੋਲ੍ਹੇ ਜਾਣ ਅਤੇ ਨਿਗਰਾਨ ਅਮਲੇ ਦੇ ਹਸਤਾਖਰ ਪ੍ਰਸ਼ਨ ਪੱਤਰਾਂ ਦੇ ਲਿਫਾਫੇ ਤੇ ਕਰਾਉਣੇ ਯਕੀਨੀ ਬਣਾਏ ਜਾਣ।ਪ੍ਰਸ਼ਨ ਪੱਤਰਾਂ ਅਤੇ ਉੱਤਰ ਪੱਤਰੀਆਂ ਦੀ ਸੰਭਾਲ ਕਰਨੀ ਸਕੂਲ ਮੁਖੀ ਦੀ ਜ਼ਿੰਮੇਵਾਰੀ ਹੋਵੇਗੀ।

9.0 **ਮੋਨੀਟਰਿੰਗ ਸੰਬੰਧੀ:-** ਜਿਲ੍ਹਾ ਸਿੱਖਿਆ ਅਫਸਰ(ਐ.ਸਿ)/(ਸੈ.ਸਿ) ਆਪਣੇ ਅਧੀਨ ਪੈਂਦੇ ਪ੍ਰੀਖਿਆ ਕੇਂਦਰਾਂ ਦੀ ਮੋਨੀਟਰਿੰਗ ਕਰਨਗੇ।

10.0 **ਮੁਲਾਂਕਣ:-** ਪ੍ਰਸ਼ਨ ਪੱਤਰਾਂ ਦਾ ਮੁਲਾਂਕਣ ਸਕੂਲ ਪੱਧਰ ਤੇ ਕੀਤਾ ਜਾਵੇਗਾ ਅਤੇ ਉੱਤਰ ਪੱਤਰੀਆਂ ਦਾ ਮੁਲਾਂਕਣ ਪੇਪਰ ਤੋਂ ਅਗਲੇ ਦਿਨ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇਗਾ ਤਾਂ ਜੋ ਸਮੇਂ ਸਿਰ ਨਤੀਜ਼ਾ ਐਲਾਨਿਆ ਜਾ ਸਕੇ।

10.1 **ਪ੍ਰੀਖਿਆਵਾਂ ਦਾ ਸੰਚਾਲਨ ਸਕੂਲ ਪੱਧਰ ਤੇ ਕਰਵਾਉਣ ਉਪਰੰਤ ਮੁਲਾਂਕਣ ਸਕੂਲ ਪੱਧਰ ਤੇ ਕੀਤਾ ਜਾਵੇਗਾ ਅਤੇ ਨਤੀਜਾ ਵੀ ਸਕੂਲ ਪੱਧਰ 'ਤੇ ਹੀ ਤਿਆਰ ਕੀਤਾ ਜਾਵੇਗਾ।**

10.2 ਉੱਤਰ ਪੱਤਰੀਆਂ ਦਾ ਮੁਲਾਂਕਣ ਮਿਤੀ 27-03-2010 ਤੱਕ ਮੁੰਕਮਲ ਕਰ ਲਿਆ ਜਾਵੇ ਅਤੇ ਨਤੀਜਾ ਤਿਆਰ ਕਰ ਲਿਆ ਜਾਵੇ ਤਾਂ ਜੋ ਮਿਤੀ 29-03-2010 ਨੂੰ ਨਤੀਜਾ ਘੋਸ਼ਿਤ ਕੀਤਾ ਜਾਵੇ।

11.0 **ਐਸ.ਐਲ.ਸੀ ਦੇਣ ਸੰਬੰਧੀ:- ਸਬੰਧਤ ਵਿਦਿਆਰਥੀਆਂ ਦੇ** ਐਸ. ਐਲ ਸੀ. ਉੱਤੇ ਸਕੂਲ ਮੁਖੀ ਵੱਲੋਂ ਇਹ **ਲਿਖਿਆ ਜਾਵੇਗਾ ਕਿ** ਵਿਦਿਆਰਥੀ ਨੇ **5ਵੀਂ ਪ੍ਰੀਖਿਆ ਪਾਸ ਕਰ ਲਈ ਹੈ ਅਤੇ ਇਸ ਦੇ ਆਧਾਰ ਤੇ ਹੀ ਵਿਦਿਆਰਥੀ ਕਿਸੇ ਵੀ ਸਕੂਲ ਵਿੱਚ 6ਵੀਂ ਵਿੱਚ ਦਾਖਲਾ ਲੈਣ ਯੋਗ ਹੋਵੇਗਾ।**

12.0 **ਉੱਤਰ ਪੁਸਤਕਾਵਾਂ ਦੀ ਸੰਭਾਲ ਸੰਬੰਧੀ:-** ਉਤਰ ਪੁਸਤਕਾਵਾਂ ਨੂੰ ਇਕ ਸਾਲ ਤੱਕ ਸੰਭਾਲ ਕੇ ਰੱਖਣਾ ਸਕੂਲ ਮੁਖੀ ਦੀ ਜ਼ਿੰਮੇਵਾਰੀ ਹੈ।

**13.0** ਨਕਲ ਰਹਿਤ ਪ੍ਰੀਖਿਆ ਕਰਵਾਉਣੀ ਸਕੂਲ ਮੁਖੀ ਦੀ ਜ਼ਿੰਮੇਵਾਰੀ ਹੋਵੇਗੀ, ਜੇਕਰ ਇਸ ਸੰਬੰਧੀ ਕੋਈ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਸਕੂਲ ਖਿਲਾਫ ਸਖਤ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇ।

14.0 ਜੇਕਰ ਬਲਾਕ, ਕਲੱਸਟਰ, ਜਿਲ੍ਹਾ ਪੱਧਰ ਤੇ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਦਫਤਰ ਦੇ ਸ਼ਿਕਾਇਤ ਫੋਨ ਨੰ: 0172-6541673 ਤੇ ਸੰਪਰਕ ਕੀਤਾ ਜਾਵੇ।

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**

**ਪਿੱਠ ਅੰਕਣ ਨੰ:** ਡਿ.ਐਸ.ਪੀ.ਡੀ/ਐਸ.ਐਸ.ਏ/2010/25724-726**ਮਿਤੀ, ਚੰਡੀਗੜ੍ਹ:17-02-2010**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ ਨਾਭਾ, ਫਰੀਦਕੋਟ, ਜਲੰਧਰ।
2. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ(ਵੈੱਬਸਾਈਟ ਰਾਹੀਂ)

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**